# ਮਾਡਲ ਪ੍ਰਸ਼ਨ ਪੱਤਰ

## ਵਿਸ਼ਾ: ਫਿਲਾਸਫੀ (2025–26)

## ਸ਼੍ਰੇਣੀ-ਬਾਰ੍ਹਵੀਂ

ਸਮਾਂ: 3 ਘੰਟੇ ਕੁੱਲ ਅੰਕ: 80

### ਭਾਗ -ੳ

**1. ਬਹੁ-ਚੋਣੀ ਪ੍ਰਸ਼ਨ (MCQs)** (10 × 1 = 10)

**ਹੇਠਾਂ ਦਿੱਤੀਆਂ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣੋ:**

I. ਹੀਗਲ ਦੀ ਆਦਰਸ਼ਵਾਦੀ ਸੋਚ ਨੂੰ ਕੀ ਕਿਹਾ ਜਾਂਦਾ ਹੈ?

(ੳ) ਵਿਅਕਤਿਗਤ (ਅ) ਤਰਕਿਕ

(ੲ) ਸੰਵੇਦਨਸ਼ੀਲ (ਸ) ਨੈਤਿਕ

II. ਮਾਰਕਸ ਦੇ ਤਾਰਕਿਕ ਭੌਤਿਕਵਾਦ ਦਾ ਮੁੱਖ ਤੱਤ ਕੀ ਹੈ?

(ੳ) ਪਦਾਰਥ (ਅ) ਚੇਤਨਾ

(ੲ) ਵਰਗ ਸੰਘਰਸ਼ (ਸ) ਸਵੈ-ਵਿਕਾਸ

III. ਅਨੁਭਵਵਾਦ ਅਨੁਸਾਰ ਗਿਆਨ ਦਾ ਸਰੋਤ ਕੀ ਹੈ?

(ੳ) ਇੰਦਰੀਅਨੁਭਵ (ਅ) ਭਾਵਨਾ

(ੲ) ਤਰਕ (ਸ) ਆਦਰਸ਼

IV. "ਕਿਹੜੇ ਪੰਛੀ ਨਹੀਂ ਉੱਡਦੇ" — ਇਹ ਕਿਹੜੀ ਕਿਸਮ ਦਾ ਪ੍ਰਸਤਾਵ ਹੈ?

(ੳ) A (ਅ) E

(ੲ) I (ਸ) O

V. ਅੰਕ ਦਰਸ਼ਨ ਅਨੁਸਾਰ ਬ੍ਰਹਿਮੰਡ ਦਾ ਆਧਾਰ ਕੀ ਹੈ?

(ੳ) ਅੱਗ (ਅ) ਪਾਣੀ

(ੲ) ਅੰਕ (ਸ) ਚੇਤਨਾ

VI. ਸਿੱਖ ਧਰਮ ਅਨੁਸਾਰ "ਸਰਬੱਤ ਦਾ ਭਲਾ" ਕਿਹੜੇ ਸਿਧਾਂਤ ਨੂੰ ਦਰਸਾਉਂਦਾ ਹੈ?

(ੳ) ਸਵੈ-ਮੁਕਤੀ (ਅ) ਸਮੂਹਕ ਭਲਾਈ

(ੲ) ਅਹੰਕਾਰ (ਸ) ਬਲੀਦਾਨ

VII. ਭਾਵਨਾ, ਗਿਆਨ ਅਤੇ ਇੱਛਾ ਕਿੱਥੇ ਦੇ ਅੰਗ ਹਨ?

(ੳ) ਵਿਅਕਤੀ (ਅ) ਆਤਮਾ

(ੲ) ਮਨ (ਸ) ਵਿਅਕਤਿਤਵ

VIII. ਭਗਵਦ ਗੀਤਾ ਅਨੁਸਾਰ ਕਰਮਯੋਗ ਦਾ ਮੁੱਖ ਸਿਧਾਂਤ ਕੀ ਹੈ?

(ੳ) ਗਿਆਨ ਹੀ ਮੁਕਤੀ ਹੈ (ਅ) ਭਾਵਨਾ ਰਾਹੀ ਉਧਾਰ

(ੲ) ਨਿਸ਼ਕਾਮ ਕਰਮ (ਸ) ਅਨੁਸ਼ਾਸਨ ਹੀ ਭਗਤੀ

IX. ਅਸਤਿਤਵਵਾਦ ਕਿਹੜੇ ਪ੍ਰਸ਼ਨ ਨਾਲ ਸੰਬੰਧਤ ਹੈ?

(ੳ) ਕੀ ਜਾਣਿਆ ਜਾ ਸਕਦਾ ਹੈ? (ਅ) ਕੀ ਸੱਚਮੁੱਚ ਹੈ?

(ੲ) ਕੀ ਕਰਨਾ ਚਾਹੀਦਾ ਹੈ? (ਸ) ਕੀ ਸੋਚਿਆ ਜਾ ਸਕਦਾ ਹੈ?

X. ਨਿਆਯ ਦਰਸ਼ਨ ਅਨੁਸਾਰ ਗਿਆਨ ਕਿੰਨੇ ਤਰੀਕਿਆਂ ਰਾਹੀਂ ਮਿਲਦਾ ਹੈ?

(ੳ) ਭਾਵਨਾ (ਅ) ਤਰਕ

(ੲ) ਪ੍ਰਮਾਣ (ਸ) ਸਮਾਜ

**ਭਾਗ-ਅ**

**2. ਇਕ-ਸ਼ਬਦੀ / ਖਾਲੀ ਥਾਂ ਭਰੋ / ਸਹੀ-ਗਲਤ ਪ੍ਰਸ਼ਨ** **(10 × 1= 10)**

I. ਹੇਗਲ ਦੇ ਆਦਰਸ਼ਵਾਦ ਨੂੰ ____ ਆਦਰਸ਼ਵਾਦ ਕਿਹਾ ਜਾਂਦਾ ਹੈ।

II. ਮਾਰਕਸ ਨੇ "ਵਰਗ ਸੰਘਰਸ਼" ਦਾ ਸਿਧਾਂਤ ____ ਤਰੀਕੇ ਰਾਹੀਂ ਦਿੱਤਾ।

III. ਅੰਕ ਦਰਸ਼ਨ ਅਨੁਸਾਰ ਅਸਲ ਤੱਤ ____ ਹੈ।

IV. ਸਿੱਖ ਧਰਮ ਵਿੱਚ 'ਪੰਗਤ' ਸੰਸਥਾ ਸਮਾਨਤਾ ਨੂੰ ਦਰਸਾਉਂਦੀ ਹੈ। (ਸਹੀ/ਗਲਤ)

V. ਨਿਆਯ ਦਰਸ਼ਨ ਅਨੁਸਾਰ ਸਭ ਤੋਂ ਜ਼ਰੂਰੀ ਪ੍ਰਮਾਣ ____ ਹੈ।

VI. ਗਿਆਨ, ਭਾਵਨਾ ਤੇ ਇੱਛਾ ____ ਦੇ ਤਿੰਨ ਅੰਗ ਹਨ।

VII. ਵਿਗਿਆਨਕ ਢੰਗ ____ ਅਤੇ ਪ੍ਰਮਾਣਿਕਤਾ 'ਤੇ ਆਧਾਰਿਤ ਹੈ।

VIII. ਕਰਮਯੋਗ ਭਗਵਦ ਗੀਤਾ ਦਾ ਮੁੱਖ ____ ਹੈ।

IX. ਅਨੁਭਵਵਾਦ ਅਨੁਸਾਰ, ਗਿਆਨ ਦਾ ਸਰੋਤ ____ ਹਨ।

X. ਭਾਰਤੀ ਦਰਸ਼ਨ ਅਨੁਸਾਰ, ਮੁਕਤੀ ____ ਰਾਹੀਂ ਮਿਲਦੀ ਹੈ।

**ਭਾਗ-ੲ**

**3.ਪੈਰਾ ਅਧਾਰਤ ਵਿਸ਼ਲੇਸ਼ਣਾਤਮਕ ਪ੍ਰਸ਼ਨ** (6×2 = 12 )

**(i) ਸਰੋਤ ਅਧਾਰਿਤ ਪ੍ਰਸ਼ਨ : (ਭਗਵਦ ਗੀਤਾ ਅਨੁਸਾਰ ਕਰਮਯੋਗ)**

ਭਗਵਦ ਗੀਤਾ ਅਨੁਸਾਰ, ਕਰਮਯੋਗ ਜੀਵਨ ਦੀ ਸਫਲਤਾ ਅਤੇ ਆਤਮਕ ਵਿਕਾਸ ਲਈ ਅਤਿ ਜ਼ਰੂਰੀ ਹੈ। ਇਹ ਸਿਖਾਉਂਦਾ ਹੈ ਕਿ ਮਨੁੱਖ ਨੂੰ ਆਪਣੇ ਕਰਤਵਿਆਂ ਨੂੰ ਨਿਸ਼ਕਾਮਤਾ ਨਾਲ ਨਿਭਾਉਣਾ ਚਾਹੀਦਾ ਹੈ — ਅਰਥਾਤ ਫਲ ਦੀ ਆਸ ਨਾ ਕਰਕੇ। ਇਹ ਸਿਧਾਂਤ ਨਿਮਰਤਾ, ਅਲੱਗਾਪਨ ਅਤੇ ਸੇਵਾ ਵੱਲ ਲੈ ਜਾਂਦਾ ਹੈ।

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਕਰਮਯੋਗ ਦੀ ਪਰਿਭਾਸ਼ਾ ਕੀ ਹੈ?

(ਅ) ਫਲ ਦੀ ਆਸ ਛੱਡਣ ਦਾ ਆਧਿਆਤਮਿਕ ਅਰਥ ਕੀ ਹੈ?

(ੲ) ਇਹ ਸਿਧਾਂਤ ਕਿਹੜੇ ਗ੍ਰੰਥ ਵਿੱਚ ਮਿਲਦਾ ਹੈ?

(ਸ) ਆਧੁਨਿਕ ਸਮਾਜ ਵਿੱਚ ਇਹ ਸਿਧਾਂਤ ਕਿੰਨਾ ਲਾਗੂ ਹੁੰਦਾ ਹੈ?

(ਹ) ਕਰਮਯੋਗੀ ਦੀ ਸਮਾਜ ਵਿੱਚ ਕੀ ਭੂਮਿਕਾ ਹੋ ਸਕਦੀ ਹੈ?

(ਕ) ਕੀ ਕਰਮ ਤੇ ਉਸਦੇ ਫਲ ਵਿੱਚ ਭਾਵਨਾਤਮਕ ਸੰਬੰਧ ਹੋ ਸਕਦੇ ਹਨ?

**(ii) ਕੇਸ ਸੱਟਡੀ ਅਧਾਰਿਤ ਪ੍ਰਸ਼ਨ : (ਸੰਗਤ, ਪੰਗਤ ਅਤੇ ਸਿੱਖੀ)**

ਸਿੱਖੀ ਸਮਾਨਤਾ, ਭਾਈਚਾਰੇ ਅਤੇ ਵਿਅਕਤਿਤਵ ਦੀ ਇੱਜ਼ਤ ਲਈ ਖੜੀ ਹੈ। ਗੁਰੂ ਨਾਨਕ ਦੇਵ ਜੀ ਨੇ 'ਸੰਗਤ' ਅਤੇ 'ਪੰਗਤ' ਦੀ ਰੀਤ ਸ਼ੁਰੂ ਕੀਤੀ ਜੋ ਸਮਾਜਿਕ ਸਮਾਨਤਾ ਦੀ ਲਹਿਰ ਹੈ। 'ਸੰਗਤ' ਵਿੱਚ ਲੋਕ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਜਦਕਿ 'ਪੰਗਤ' ਵਿੱਚ ਹਰ ਵਰਗ ਦੇ ਲੋਕ ਇਕੱਠੇ ਬੈਠ ਕੇ ਭੋਜਨ ਕਰਦੇ ਹਨ।

**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) 'ਸੰਗਤ' ਦੀ ਪਰਿਭਾਸ਼ਾ ਦਿਓ।

(ਅ) 'ਪੰਗਤ' ਕਿਵੇਂ ਭੇਦਭਾਵ ਨੂੰ ਖਤਮ ਕਰਦੀ ਹੈ?

(ੲ) ਇਹ ਰੀਤਾਂ ਕਿਹੜੇ ਗੁਰੂ ਨੇ ਸ਼ੁਰੂ ਕੀਤੀਆਂ?

(ਸ) ਆਧੁਨਿਕ ਸਮਾਜ ਵਿੱਚ ਇਹ ਰੀਤਾਂ ਕਿਵੇਂ ਲਾਗੂ ਕੀਤੀਆਂ ਜਾ ਸਕਦੀਆਂ ਹਨ?

(ਹ) ਸਿੱਖੀ ਵਿੱਚ ਇਹਨਾਂ ਦੋ ਰੀਤਾਂ ਦਾ ਆਧਿਆਤਮਿਕ ਮਹੱਤਵ ਕੀ ਹੈ?

(ਕ) ਇਹ ਰੀਤਾਂ "ਸਰਬੱਤ ਦਾ ਭਲਾ" ਦੇ ਸਿਧਾਂਤ ਨਾਲ ਕਿਵੇਂ ਜੁੜਦੀਆਂ ਹਨ?

**ਭਾਗ-ਸ**

**4. ਕੋਈ 6 ਪ੍ਰਸ਼ਨ ਕਰੋ।** (6 × 4= 24)

**ਛੋਟੇ ਉੱਤਰ ਵਾਲੇ ਪ੍ਰਸ਼ਨਾਂ ਦਾ ਉੱਤਰ 50–60 ਸ਼ਬਦਾਂ ਵਿੱਚ ਲਿਖੋ।**

I. ਵਿਅਕਤਿਗਤ ਆਦਰਸ਼ਵਾਦ ਦੀਆਂ ਵਿਸ਼ੇਸ਼ਤਾਵਾਂ ਸਮਝਾਓ।

II. ਤਰਕਿਕ ਭੌਤਿਕਵਾਦ ਦੀ ਪਰਿਭਾਸ਼ਾ ਅਤੇ ਉਦੇਸ਼ ਦੱਸੋ।

III. ਅਸਤਿਤਵਵਾਦ ਦੇ ਮੁੱਖ ਤੱਤ ਦੱਸੋ।

IV. ਨਿਆਯ ਦਰਸ਼ਨ ਵਿੱਚ ਪ੍ਰਮਾਣ ਦੀ ਮਹੱਤਤਾ ਦੱਸੋ।

V. ਉਪਯੋਗਿਤਾਵਾਦੀ ਸਿਧਾਂਤ: ਅਰਥ ਅਤੇ ਉਦਾਹਰਨ।

VI. ਸਿੱਖੀ ਵਿੱਚ “ਸਰਬੱਤ ਦਾ ਭਲਾ” ਦੀ ਧਾਰਨਾ ਦੱਸੋ।

VII. ਕਰਮਯੋਗ ਅਤੇ ਆਮ ਜੀਵਨ ਦੇ ਨਾਤੇ ਨੂੰ ਸਮਝਾਓ।

VIII. ਅਨੁਭਵਵਾਦ ਅਤੇ ਤਰਕਵਾਦ ਵਿੱਚ ਅੰਤਰ ਦੱਸੋ।

IX. ਅੰਕ ਦਰਸ਼ਨ ਵਿੱਚ ਅੰਕਾਂ ਦੀ ਭੂਮਿਕਾ।

**ਭਾਗ-ਹ**

5. **ਕੋਈ 4 ਪ੍ਰਸ਼ਨ ਕਰੋ।** (4 × 6 = 24)

**ਵੱਡੇ ਉੱਤਰ ਵਾਲੇ ਪ੍ਰਸ਼ਨਾਂ ਦਾ ਉੱਤਰ 100–125 ਸ਼ਬਦਾਂ ਵਿੱਚ ਲਿਖੋ।**

I. ਹੇਗਲ ਦੇ ਆਦਰਸ਼ਵਾਦ ਦਾ ਵਿਸ਼ਲੇਸ਼ਣ ਕਰੋ।

II. ਮਾਰਕਸ ਦੇ ਤਰਕਿਕ ਭੌਤਿਕਵਾਦ ਦੀ ਸਿਧਾਂਤਕ ਅਤੇ ਆਧੁਨਿਕ ਵਿਆਖਿਆ।

III. ਕਰਮਯੋਗ: ਤਰੀਕਾ, ਲਾਭ ਅਤੇ ਆਧੁਨਿਕਤਾ ਨਾਲ ਸੰਬੰਧ।

IV. ਸਿੱਖੀ ਵਿੱਚ ਸੰਗਤ ਅਤੇ ਪੰਗਤ ਦੀ ਸਮਾਜਿਕ ਭੂਮਿਕਾ।

V. ਵਿਗਿਆਨਕ ਅਤੇ ਦਰਸ਼ਨਿਕ ਵਿਧੀਆਂ ਵਿੱਚ ਮੁੱਖ ਅੰਤਰ।

VI. ਅਸਤਿਤਵਵਾਦ ਅਤੇ ਗਿਆਨਮੀਮਾਂਸਾ ਵਿਚਕਾਰ ਸੰਬੰਧ ਸਾਬਤ ਕਰੋ।